Sagacity: A Multidisciplinary Research Journal ISSN: 2583-7540 Jan - June 2024, Vol. 3, No.1.

# ਭਾਸ਼ਾ ਅਧਿਐਨ ਵਿਚ ਪ੍ਰਸ਼ਨਾਵਲੀ ਦਾ ਮਹੱਤਵ

ਡਾ. ਕਿਰਨ,
ਅਸਿਸਟੈਂਟ ਪ੍ਰੋਫ਼ੈਸਰ,
ਖ਼ਾਲਸਾ ਕਾਲਜ ਫ਼ਾਰ ਵਿਮਨ,
ਅੰਮ੍ਰਿਤਸਰ।

ਕਿਸੇ ਵੀ ਖੇਤਰ (ਲੋਕਯਾਨ, ਸਭਿਆਚਾਰ, ਭਾਸ਼ਾ) ਆਦਿ ਵਿਚ ਖੇਤਰੀ ਕਾਰਜ 'ਤੇ ਅਧਾਰਿਤ ਖੋਜ ਕਰਨੀ ਹੋਵੇ ਤਾਂ ਪ੍ਰਸ਼ਨਾਵਲੀ ਇਕ ਮਹੱਤਵਪੂਰਨ ਸਹਾਇਕ ਸੰਦ ਹੈ, ਜੋ ਵਿਸ਼ੇ ਅਧੀਨ ਖੋਜ ਦੇ ਖੇਤਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਪ੍ਰਸ਼ਨਾਵਲੀ ਅੰਗ੍ਰੇਜ਼ੀ ਸ਼ਬਦ ਕੰਵਸਚਨੇਅਰ (Questionaire) ਦਾ ਪੰਜਾਬੀ ਅਨੁਵਾਦਿਤ ਸ਼ਬਦ ਹੈ। ਇਹ ਇਕ ਰਚਿਤ ਸ਼ਬਦ ਹੈ ਜੋ ਕਿ ਮੂਲ ਸ਼ਬਦ ਪ੍ਰਸ਼ਨ ਦੇ ਨਾਲ ਆਵਲੀ ਪਿਛੇਤਰ ਲਗਾ ਕੇ ਬਣਿਆ ਹੈ ਜਿਸ ਦਾ ਭਾਵ ਇਕ ਲੜੀ ਤੋਂ ਲਿਆ ਜਾਂਦਾ ਹੈ। ਸੋ ਪ੍ਰਸ਼ਨਾਵਲੀ ਦਾ ਅਰਥ ਹੈ ਪ੍ਰਸ਼ਨਾਂ ਦੀ ਲੜੀ ਉਹ ਪ੍ਰਸ਼ਨਾਂ ਦੀ ਲੜੀ ਜੋ ਕਿਸੇ ਮੰਤਵ ਦੀ ਪੂਰਤੀ ਲਈ ਯੋਜਨਾਬੱਧ ਤਰੀਕੇ ਨਾਲ ਤਿਆਰ ਕੀਤੀ ਜਾਂਦੀ ਹੈ। ਗੁਡੇ ਤੇ ਹਾਟ ਨੇ ਆਪਣੀ ਪੁਸਤਕ ਮੈਥਡਜ ਇੰਨ ਸੋਸਲ ਰਿਸਰਚ ਵਿਚ ਸ਼ਬਦ ਪ੍ਰਸ਼ਨਾਵਲੀ ਦੇ ਸੰਕਲਪ ਬਾਰੇ ਲਿਖਿਆ ਹੈ:

"

" 1

ਐਮਰੀ ਬੋਗਾ ਰਡਸ ਨੇ ਪ੍ਰਸ਼ਨਾਵਲੀ ਬਾਰੇ ਵਿਚਾਰ ਹੇਠ ਲਿਖੇ ਅਨੁਸਾਰ ਪੇਸ਼ ਕੀਤੇ ਹਨ:

"

" 2

ਵਿਲਸਨ ਦੇ ਵਿਚਾਰ ਅਨੁਸਾਰ:

"

" 3

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ:

" " 4

ਉਪਰੋਕਤ ਵਿਚਾਰਾਂ ਤੋਂ ਸਿੱਧ ਹੁੰਦਾ ਹੈ ਕਿ ਪ੍ਰਸ਼ਨਾਵਲੀ ਪ੍ਰਸ਼ਨਾਂ ਦੀ ਇਕ ਸੂਚੀ ਹੁੰਦੀ ਹੈ ਜਦੋਂ ਖੇਤਰੀ ਕਾਰਜ ਵਿਚ ਖੋਜ ਕਰਨੀ ਹੁੰਦੀ ਹੈ ਤਾਂ ਉਸ ਵਿਸ਼ੇ ਨਾਲ ਸੰਬੰਧਿਤ ਪ੍ਰਸ਼ਨਾਵਲੀ ਤਿਆਰ ਕੀਤੀ ਜਾਂਦੀ ਹੈ ਉਸ ਪ੍ਰਸ਼ਨਾਵਲੀ ਜਾਂ ਪ੍ਰਸ਼ਨਸੂਚੀ ਨੂੰ ਛਪਵਾ ਕੇ ਡਾਕ ਜਾਂ ਕਿਸੇ ਵਿਅਕਤੀ ਦੁਆਰਾ ਉਸ ਦੀਆਂ ਨਕਲਾਂ ਉਹਨਾਂ ਵਿਅਕਤੀਆਂ ਨੂੰ ਭੇਜ ਦਿੱਤੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਅਧਿਐਨ ਦੇ ਅੰਤਰਗਤ ਆਦਰਸ਼ ਰੂਪ ਦਿੱਤਾ ਗਿਆ ਹੁੰਦਾ ਹੈ। ਵੱਖ-ਵੱਖ ਵਿਦਵਾਨਾਂ ਨੇ ਪ੍ਰਸ਼ਨਾਵਲੀ ਨੂੰ ਵੱਖ-ਵੱਖ ਆਧਾਰਾਂ ਤੇ ਵਰਗਾਂ ਵਿਚ ਵੰਡਿਆ ਹੈ। ਡਾ. ਪਿਆਰ ਸਿੰਘ ਹੋਰਾਂ ਨੇ ਪ੍ਰਸ਼ਨਾਵਲੀ ਦੀਆਂ ਦੋ ਕਿਸਮਾਂ ਵਿਚ ਵੰਡ ਕੀਤੀ ਹੈ:

ਸੰਰਚਿਤ ਪ੍ਰਸ਼ਨਾਵਲੀ ਅਤੇ ਅਸੰਰਚਿਤ ਪਸ਼ਨਾਵਲੀ।

## 1. ਸੰਰਚਿਤ ਪ੍ਰਸ਼ਨਾਵਲੀ:

ਸੰਰਚਿਤ ਪ੍ਰਸ਼ਨਾਵਲੀ ਦਾ ਸਭ ਤੋਂ ਮਹੱਤਵਪੂਰਨ ਲਾਭ ਇਹ ਹੈ ਕਿ ਹਰ ਵਿਅਕਤੀ ਲਈ ਇਕੋ ਜਿਹੀ ਹੁੰਦੀ ਹੈ ਸੰਰਚਿਤ ਪ੍ਰਸ਼ਨਾਵਲੀ ਵਿਚ ਪ੍ਰਸ਼ਨਾਂ ਦਾ ਨਿਰਮਾਣ ਬਹੁਤ ਸੋਚ ਸਮਝ ਕੇ ਕੀਤਾ ਜਾਂਦਾ ਹੈ ਤਾਂ ਜੋ ਠੀਕ ਉੱਤਰ ਦੇਣ ਸਮੇਂ ਕਠਿਨਾਈ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੇ ਲਈ ਸੂਖਮ ਤੇ ਗੰਭੀਰ ਸਮੱਗਰੀ ਸੰਕਲਿਤ ਕਰਨ ਵਿਚ ਆਸਾਨੀ ਹੁੰਦੀ ਹੈ ਇਸ ਨੂੰ ਖੋਜਕਾਰ ਆਪਣੇ ਨਾਲ ਲਿਜਾ ਕੇ ਮੁਲਾਕਾਤ ਰਾਹੀਂ ਲੋੜੀਂਦੇ ਉੱਤਰ ਪੁੱਛ ਸਕਦਾ ਹੈ। ਪ੍ਰਸ਼ਨਾਂ ਦੇ ਉੱਤਰ ਬੱਧੇ ਹੋਏ ਵੀ ਹੋ ਸਕਦੇ ਹਨ ਤੇ ਖੁਲ੍ਹੇ ਵੀ। ਬੱਧੇ ਹੋਏ ਪ੍ਰਸ਼ਨਾਂ ਦੀ ਹਾਲਤ ਵਿਚ ਉੱਤਰ ਪ੍ਰਸ਼ਨਾਂ ਦੇ ਸਾਹਮਣੇ ਜਾ ਨਾਲ ਹੀ ਲਿਖੇ ਤੇ

ਉੱਤਰ ਦੇਣ ਵਾਲੇ ਨੂੰ ਆਪਣੀ ਪੰਸਦ ਦੇ ਉੱਤਰਾਂ ਅੱਗੇ ਕੇਵਲ ਨਿਸ਼ਾਨ ਹੀ ਲਗਾਉਣੇ ਪੈਂਦੇ ਹਨ। ਖੁੱਲ੍ਹੇ ਉੱਤਰਾਂ ਦੀ ਸੂਰਤ ਵਿਚ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਅੱਗੇ ਲਿਖੇ ਹੋਏ ਨਹੀਂ ਹੁੰਦੇ। ਉੱਤਰ ਦੇਣ ਵਾਲਾ ਪ੍ਰਸ਼ਨਾਂ ਦੇ ਉੱਤਰ ਆਪਣੀ ਸੂਝ ਬੂਝ ਅਨੁਸਾਰ ਹੀ ਦਿੰਦਾ ਹੈ। ਪ੍ਰਸ਼ਨ ਖੁੱਲ੍ਹੇ ਰੱਖਣ ਵਾਲਾ ਢੰਗ ਕੇਵਲ ਥੋੜ੍ਹੀਆਂ ਜਿਹੀਆਂ ਸਥਿਤੀਆਂ ਦੇ ਘੋਖਵੇਂ ਅਧਿਐਨ ਲਈ ਵਰਤਿਆ ਜਾ ਸਕਦਾ ਹੈ। ਸਥਿਤੀਆਂ ਦੇ ਬਹੁਤੇ ਹੋਣ ਦੀ ਸੂਰਤ ਵਿਚ ਇਹ ਢੰਗ ਮੁਸ਼ਕਲ ਪੈਦਾ ਕਰ ਦਿੰਦਾ ਹੈ ਇਸ ਲਈ ਜਿਥੇ ਬਹੁਤੀਆਂ ਸਥਿਤੀਆਂ ਦਾ ਅਧਿਐਨ ਕਰਨਾ ਹੋਵੇ ਉਥੇ ਬੱਧੇ ਤੇ ਸਪੱਸ਼ਟ ਪ੍ਰਸ਼ਨਾਂ ਵਾਲੀ ਪ੍ਰਸ਼ਨਾਵਲੀ ਹੀ ਲਾਭਦਾਇਕ ਰਹਿੰਦੀ ਹੈ। ਸੰਰਚਿਤ ਪ੍ਰਸ਼ਨਾਵਲੀ ਠੀਕ ਠੀਕ ਤੇ ਸੰਬੰਧਿਤ ਸੂਚਨਾ ਇਕੱਤਰ ਕਰਨ ਦਾ ਗੁਣ ਰੱਖਦੀ ਹੈ।

## 2. ਅਸੰਰਚਿਤ ਪ੍ਰਸ਼ਨਾਵਲੀ:

ਸੰਰਚਿਤ ਪ੍ਰਸ਼ਨਾਵਲੀ ਦੇ ਮੁਕਾਬਲੇ ਤੇ ਅਸੰਰਚਿਤ ਪ੍ਰਸ਼ਨਾਵਲੀ ਚਲਦੀ ਹੈ। ਇਸ ਦੀ ਵਰਤੋਂ ਆਮ ਤੌਰ ਤੇ ਮੁਲਾਕਾਤ ਦੇ ਸਹਾਇਕ ਸੰਦ ਵਜੋਂ ਕੀਤੀ ਜਾਂਦੀ ਹੈ। ਇਸ ਦਾ ਗੁਣ ਇਸ ਦੀ ਲਚਕ ਹੈ। ਇਹ ਪ੍ਰਸ਼ਨਾਵਲੀ ਲੋਕਾਂ ਦਾ ਵਿਚਾਰ, ਗੁਣਾਂ, ਵਿਵਹਾਰਾਂ ਆਦਿ ਨੂੰ ਜਾਨਣ ਲਈ ਵਰਤੀ ਜਾਂਦੀ ਹੈ ਤੇ ਇਸ ਦਾ ਘੇਰਾ ਵੀ ਸੀਮਿਤ ਹੁੰਦਾ ਹੈ। ਇਸ ਤਰ੍ਹਾਂ ਦੀ ਪ੍ਰਸ਼ਨਾਵਲੀ ਦੀ ਸਫਲਤਾ ਪ੍ਰਸ਼ਨ ਕਰਤਾ ਦੀ ਚੇਤਨਾ ਉੱਪਰ ਨਿਰਭਰ ਕਰਦੀ ਹੈ ਜੇ ਉਸ ਦੀ ਅੱਖ ਖੋਜ ਅਧੀਨ ਸਮੱਸਿਆ ਤੋਂ ਥੋੜੀ ਵੀ ਇੱਧਰ ਓਧਰ ਹੋ ਜਾਵੇ ਤਾਂ ਉਸ ਦੀ ਇਕੱਤਰ ਕੀਤੀ ਸੂਚਨਾ ਦੇ ਆਪਣੇ ਉਦੇਸ਼ ਤੋਂ ਉਖੜ ਜਾਣ ਦਾ ਅੰਦੇਸ਼ਾ ਜਿਹਾ ਹੀ ਲੱਗਾ ਰਹਿੰਦਾ ਹੈ। ਇਸ ਲਈ ਪ੍ਰਸ਼ਨਾਵਲੀ ਸੰਦ ਨੂੰ ਬੜੇ ਧਿਆਨ ਪੂਰਵਕ ਤੇ ਸੋਚ ਗੋਚਰ ਹੋ ਕੇ ਬਨਾਉਣ ਤੇ ਵਰਤਣ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਦੀ ਪ੍ਰਸ਼ਨਾਵਲੀ ਵਿਚ ਪਹਿਲਾਂ ਤੋਂ ਪ੍ਰਸ਼ਨਾਂ ਨੂੰ ਨਿਸ਼ਚਿਤ ਨਹੀਂ ਕੀਤਾ ਜਾਂਦਾ। ਖੋਜਾਰਥੀ ਉਹਨਾਂ ਆਧਾਰਾਂ ਨੂੰ ਜੋ ਸੂਚਕਾਂ ਕੋਲੋਂ ਮਿਲੇ ਹਨ ਇਕ ਫਾਰਮ ਤੇ ਲਿਖਦਾ ਹੈ ਜਿਸ ਉੱਤੇ ਉਸਨੇ ਜਾਣਕਾਰੀ ਇਕੱਠੀ ਕੀਤੀ ਹੁੰਦੀ ਹੈ।[5]

ਹਿੰਦੀ ਵਿਦਵਾਨ ਸੱਤਪਾਲ ਰੁਹੇਲਾ ਨੇ ਪ੍ਰਸ਼ਨਾਵਲੀ ਦੀ ਵੰਡ ਦੇ ਦੋ ਆਧਾਰ ਰਚਨਾ ਤੇ ਪ੍ਰਕਿਰਤੀ ਮਿੱਥੇ ਹਨ। ਰਚਨਾ ਦੇ ਆਧਾਰ ਤੇ ਪ੍ਰਸ਼ਨਾਵਲੀ ਨੂੰ ਸੰਰਚਿਤ ਤੇ ਅਸੰਰਚਿਤ ਪ੍ਰਸ਼ਨਾਵਲੀ ਵਿਚ ਵੰਡਿਆ ਹੈ। ਜਿਸ ਬਾਰੇ ਸੱਤਪਾਲ ਰੁਹੇਲਾ

ਦੇ ਵਿਚਾਰ ਡਾ: ਪਿਆਰ ਸਿੰਘ ਦੇ ਵਿਚਾਰਾਂ ਨਾਲ ਮਿਲਦੇ ਹਨ। ਪ੍ਰਸ਼ਨ ਦੀ ਪ੍ਰਕ੍ਰਿਤੀ ਦੇ ਆਧਾਰ ਤੇ ਵੀ ਪ੍ਰਸ਼ਨਾਵਲੀ ਨੂੰ ਅੱਗੇ ਚਾਰ ਭਾਗਾਂ ਵਿੱਚ ਵੰਡਿਆ ਹੈ।

1. ਸੀਮਤ ਜਾਂ ਪ੍ਰਤੀਬੱਧ ਪ੍ਰਸ਼ਨਾਵਲੀ
2. ਚਿੱਤਰਮਈ ਪ੍ਰਸ਼ਨਾਵਲੀ
3. ਖੁੱਲਾ, ਅਸੀਮਤ ਤੇ ਅਪ੍ਰਤੀਬੱਧ ਪ੍ਰਸ਼ਨਾਵਲੀ
4. ਮਿਸ਼ਰਤ ਪ੍ਰਸ਼ਨਾਵਲੀ

## 1. ਸੀਮਤ ਜਾਂ ਪ੍ਰਤੀਬੱਧ ਪ੍ਰਸ਼ਨਾਵਲੀ:

ਇਸ ਵਿਚ ਪ੍ਰਸ਼ਨਾਂ ਦੇ ਸਾਰੇ ਸੰਭਾਵਿਤ ਉੱਤਰ ਨਾਲ ਹੀ ਦਿੱਤੇ ਗਏ ਹੁੰਦੇ ਹਨ। ਉਤਰਦਾਤਾ ਕੇਵਲ ਉਹਨਾਂ ਵਿਚ ਠੀਕ ਉੱਤਰ ਨੂੰ ਹੀ ਚੁਨਣਾ ਹੁੰਦਾ ਹੈ। ਉਤਰਦਾਤਾ ਨੂੰ ਆਪਣੀ ਮਨਮਰਜ਼ੀ ਨਹੀਂ ਬਲਕਿ ਪੂਰਵ ਨਿਸ਼ਚਿਤ ਉੱਤਰਾਂ ਵਿਚੋਂ ਹੀ ਕਿਸੇ ਇੱਕ ਨਾਲ ਆਪਣੀ ਸਹਿਮਤੀ ਪ੍ਰਗਟ ਕਰਨੀ ਪੈਂਦੀ ਹੈ।

## 2. ਚਿੱਤਰਮਈ ਪ੍ਰਸ਼ਨਾਵਲੀ:

ਚਿੱਤਰਮਈ ਪ੍ਰਸ਼ਨਾਵਲੀ ਦੀ ਵਰਤੋਂ ਅਨਪੜ੍ਹ ਬੱਚਿਆਂ ਜਾਂ ਘੱਟ ਬੁੱਧੀਮਾਨ ਵਿਅਕਤੀਆਂ ਦੀ ਜਾਣਕਾਰੀ ਦੇਣ ਦੇ ਲਈ ਕੀਤੀ ਜਾਂਦੀ ਹੈ। ਪ੍ਰਸ਼ਨਾਵਲੀ ਨੂੰ ਆਕਰਸ਼ਕ ਤੇ ਰੋਚਕ ਬਣਾਉਣ ਲਈ ਵੀ ਕਈ ਵਾਰੀ ਇਸ ਤਰ੍ਹਾਂ ਦੀ ਚਿੱਤਰਮਈ ਪ੍ਰਸ਼ਨਾਵਲੀ ਦਾ ਨਿਰਮਾਣ ਕੀਤਾ ਜਾਂਦਾ ਹੈ।

### 3. ਖੁੱਲਾ, ਅਸੀਮਤ ਤੇ ਅਪ੍ਰਤੀਬੱਧ ਪ੍ਰਸ਼ਨਾਵਲੀ:

ਇਸ ਵਿਚ ਇਸ ਤਰ੍ਹਾਂ ਦੇ ਪ੍ਰਸ਼ਨ ਹੁੰਦੇ ਹਨ ਜਿਨ੍ਹਾਂ ਦੇ ਉੱਤਰ ਬੜੇ ਅਸੀਮਤ ਹੋ ਸਕਦੇ ਹਨ। ਸੂਚਨਾ ਦਾਤਾ ਸ਼੍ਰੇਣੀਬੱਧ ਪੂਰਵ ਨਿਮਨਰਿਤ ਸੰਭਾਵਿਤ ਉੱਤਰਾਂ ਵਿਚ ਪਰਿਤੰਤਰ ਨਹੀਂ ਰਹਿੰਦਾ। ਬਲਕਿ ਉਸਨੂੰ ਸੁਤੰਤਰਤਾ ਪੂਰਵਕ ਆਪਣਾ ਵਿਚਾਰ ਲਿਖਣ ਦੀ ਪੂਰਨ ਸੁਤੰਤਰਤਾ ਰਹਿੰਦੀ ਹੈ।

### 4. ਮਿਸ਼ਰਤ ਪ੍ਰਸ਼ਨਾਵਲੀ:

ਮਿਸ਼ਰਤ ਪ੍ਰਸ਼ਨਾਵਲੀ ਵਿਚ ਪ੍ਰਤੀਬੱਧ ਪ੍ਰਸ਼ਨਾਵਲੀ ਤੇ ਅਸੀਮਤ ਤੇ ਅਪ੍ਰਤੀਬੱਧ ਪ੍ਰਸ਼ਨਾਵਲੀ ਦਾ ਮਿਸ਼ਰਨ ਹੁੰਦਾ ਹੈ। ਪ੍ਰਤੀਬੱਧ ਅਤੇ ਅਪ੍ਰਤੀਬੱਧ ਪ੍ਰਕਾਰ ਦੇ ਪ੍ਰਸ਼ਨਾਂ ਨੂੰ ਮਿਲਾ ਕੇ ਜੋ ਪ੍ਰਸ਼ਨਾਵਲੀ ਤਿਆਰ ਕੀਤੀ ਜਾਂਦੀ ਹੈ ਉਸਨੂੰ ਮਿਸ਼ਰਤ ਪ੍ਰਸ਼ਨਾਵਲੀ ਕਹਿੰਦੇ ਹਨ। ਇਸ ਨਾਲ ਇਹਨਾਂ ਦੋਹਾਂ ਪ੍ਰਕਾਰਾਂ ਦੀ ਪ੍ਰਸ਼ਨਾਵਲੀ ਦੇ ਲਾਭਾਂ ਨੂੰ ਪ੍ਰਾਪਤ ਕੀਤਾ ਜਾਂਦਾ ਹੈ। ਅਸਲ ਵਿਚ ਭਾਸ਼ਾ ਸਰਵੇਖਣ ਅਤੇ ਖੋਜ ਦੇ ਨੇਮਾਂ ਵਿੱਚ ਮਿਸ਼ਰਤ ਪ੍ਰਕਾਰ ਦੀ ਪ੍ਰਸ਼ਨਾਵਲੀ ਦੀ ਹੀ ਬਹੁਤੀ ਵਾਰ ਪ੍ਰਯੋਗ ਹੁੰਦਾ ਹੈ। ਇਕ ਵਧੀਆ ਮਿਸ਼ਰਤ ਪ੍ਰਸ਼ਨਾਵਲੀ ਵਿਚ ਜਿਆਦਾ ਪ੍ਰਸ਼ਨ ਪ੍ਰਤੀਬੱਧ ਪ੍ਰਕਾਰ ਦੇ ਅਤੇ ਦੋ ਤਿੰਨ ਪ੍ਰਸ਼ਨ ਅਪ੍ਰਤੀਬੱਧ ਪ੍ਰਕਾਰ ਦੇ ਹੋਣੇ ਚਾਹੀਦੇ ਹਨ।

### (1) ਘੜੀ ਘੜਾਈ ਪ੍ਰਸ਼ਨਾਵਲੀ :

ਉਹ ਪ੍ਰਸ਼ਨਾਵਲੀ ਜਿਸ ਵਿਚ ਨਿਸ਼ਚਤ ਠੋਸ ਅਤੇ ਪੂਰਵ ਨਿਰਧਾਰਿਤ ਸਵਾਲ ਪੁੱਛੇ ਗਏ ਹੋਣ ਭਾਵ ਇਹ ਕਿ ਜਿਸ ਵਿਚ ਪ੍ਰਸ਼ਨਾਂ ਨੂੰ ਖੇਤਰ ਵਿਚ ਜਾ ਕੇ ਨਾ ਬਣਾਉਣਾ ਪਵੇ ਉਹ ਘੜੀ ਘੜਾਈ ਪ੍ਰਸ਼ਨਾਵਲੀ ਹੈ। ਇਸ ਤਰ੍ਹਾਂ ਪ੍ਰਸ਼ਨਾਵਲੀ ਪ੍ਰੋਜੈਕਟਾਂ ਲਈ ਸਮੱਗਰੀ ਇੱਕਤਰ ਕਰਨ ਲਈ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀ ਪ੍ਰਸ਼ਨਾਵਲੀ ਵਿਚ ਦੋ ਤਰ੍ਹਾਂ ਦੇ ਪ੍ਰਸ਼ਨ ਪੁੱਛੇ ਜਾਂਦੇ ਹਨ।

( ) ( )

( )

( ) ,

(2) **ਅਣਘੜਿਤ ਪ੍ਰਸ਼ਨਾਵਲੀ :**

ਇਸ ਤਰ੍ਹਾਂ ਦੀ ਪ੍ਰਸ਼ਨਾਵਲੀ ਵਿਚ ਕੇਵਲ ਉਨ੍ਹਾਂ ਵਿਸ਼ਿਆ ਦੇ ਆਧਾਰ ਤੇ ਹੀ ਪ੍ਰਸ਼ਨ ਬਣਾਏ ਜਾਂਦੇ ਹਨ ਇਸ ਖੇਤਰੀ ਕਾਰਜ ਵਿਚ ਜਾ ਕੇ ਵਿਸਥਾਰ ਸਹਿਤ ਜਾਣਕਾਰੀ ਲੈਣੀ ਪੈਂਦੀ ਹੈ। ਇਸ ਪ੍ਰਸ਼ਨਾਵਲੀ ਵਿਚ ਵਧੇਰੇ ਲਤਕ ਹੋਣ ਕਰਕੇ ਲੋੜ ਪੈਣ ਤੇ ਸੂਚੀ ਵਧਾਈ ਘਟਾਈ ਜਾ ਸਕਦੀ ਹੈ। ਉਤਰਦਾਤੇ ਕੋਲ ਸਹੀ ਜੁਆਬ ਲੈਣ ਲਈ ਵੱਧ ਤੋਂ ਵੱਧ ਮੌਕੇ ਹੁੰਦੇ ਹਨ।

(3) **ਤਸਵੀਰਾਂ ਵਾਲੀ ਪ੍ਰਸ਼ਨਾਵਲੀ :**

ਅਜਿਹੀ ਪ੍ਰਸ਼ਨਾਵਲੀ ਜਿਸ ਵਿਚ ਪ੍ਰਸ਼ਨਾਂ ਦੇ ਨਾਲ ਨਾਲ ਤਸਵੀਰ ਵੀ ਦਿੱਤੀ ਹੁੰਦੀ ਹੈ। ਇਹ ਪ੍ਰਸ਼ਨਾਵਲੀ ਵਧੇਰੇ ਕਰਕੇ ਭਾਸ਼ਾ ਵਿਗਿਆਨਕ ਅਧਿਐਨ ਲਈ ਵਰਤੀ ਜਾਂਦੀ ਹੈ। ਜਦੋਂ ਕਿਸੇ ਖਾਸ ਇਲਾਕੇ ਦੀ ਬੋਲੀ, ਉਪਬੋਲੀ ਬਾਰੇ ਜਾਨਣਾ ਹੋਵੇ ਤਾਂ ਪ੍ਰਸ਼ਨ ਦੇ ਨਾਲ ਨਾਲ ਤਸਵੀਰ ਵਾਹ ਦਿੱਤੀ ਜਾਂਦੀ ਹੈ ਤੇ ਉਤਰਦਾਤੇ ਕੋਲੋਂ ਪੁੱਛਿਆ ਜਾਂਦਾ ਹੈ ਕਿ ਤੁਸੀਂ ਇਸ ਨੂੰ ਕੀ ਕਹਿੰਦੇ ਹੋ? ਇਸ ਤਰ੍ਹਾਂ ਉਸਦੇ ਆਚਰਨ ਦਾ ਪਤਾ ਲੱਗੇਗਾ ਕਿ ਅਸੀਂ ਪਾਉੜੀ ਦੇ ਉਚਾਰਨ ਬਾਰੇ ਕਿਸੇ ਵੀ ਉਪਬੋਲੀ ਵਿਚ ਜਾਨਣਾ ਹੈ ਤਾਂ ਪਾਉੜੀ ਦੀ ਸ਼ਕਲ ਬਣਾ ਦਿੱਤੀ ਜਾਵੇਗੀ ਫਿਰ ਉਤਰਦਾਤਾ ਤੋਂ ਪਤਾ ਲੱਗੇਗਾ ਕਿ ਉਹ ਪਾਉੜੀ ਜੋ ਪੌੜੀ ਕਹਿੰਦਾ ਹੈ। ਇਹ ਤਸਵੀਰ ਉਤਰਦਾਤਾ ਦੀ ਦਿਲਚਸਪੀ ਬਣਾਏ ਰੱਖਣ ਵਾਸਤੇ ਹੀ ਦਿੱਤੀਆਂ ਜਾਂਦੀਆਂ ਹਨ।

ਆਤਮ ਸਿੰਘ ਸਮਾਜ ਭਾਸ਼ਾ ਵਿਗਿਆਨ ਪੁਸਤਕ ਵਿਚ ਪ੍ਰਸ਼ਨਾਵਲੀ ਦੀ ਵੰਡ ਦੋ ਤਰ੍ਹਾਂ ਨਾਲ ਕੀਤੀ ਹੈ: ਨਾਮਕਰਨ ਪ੍ਰਸ਼ਨਾਵਲੀ ਅਤੇ ਪੂਰਾਨਾਮਕਰਨ ਪ੍ਰਸ਼ਨਾਵਲੀ।

**(1) ਨਾਮਕਰਨ ਪ੍ਰਸ਼ਨਾਵਲੀ :**

ਨਾਮਕਰਨ ਪ੍ਰਸ਼ਨਾਵਲੀ ਵਿਚ ਬੁਝਾਰਤ ਪਾ ਕੇ ਸੂਚਕ ਦੇ ਮੂੰਹੋਂ ਜਵਾਬ ਕਢਵਾਏ ਜਾਂਦੇ ਹਨ ਜਿਵੇਂ ਜੇਕਰ ਤੁਹਾਡੇ ਘਰ ਕੋਈ ਬੁਲਾਉਣ ਵਾਲਾ ਆਵੇ ਤੇ ਤੁਸੀਂ ਚਾਹੁੰਦੇ ਹੋ ਕਿ ਉਹ ਕਮਰੇ ਵਿਚ ਦਾਖਲ ਹੋਵੇ ਤਾਂ ਤੁਸੀਂ ਕੀ ਕਹਿੰਦੇ ਹੋ? (ਅੰਦਰ ਆ ਜਾਓ, ਜਾਂ ਅੰਦਰ ਲੰਘ ਜਾਓ) ਨਾਮਕਰਨ ਦੀ ਇਕ ਹੋਰ ਕਿਸਮ ਵਾਰਤਾਲਾਪੀ ਪ੍ਰਸ਼ਨ ਹੈ ਜਿਸ ਰਾਹੀਂ ਇਕ ਤੋਂ ਵੱਧ ਪ੍ਰਸ਼ਨ ਮੂੰਹੋਂ ਕਢਵਾਏ ਜਾਂਦੇ ਹਨ।

**(2) ਪੂਰਾਨਾਮਕਰਨ ਪ੍ਰਸ਼ਨਾਵਲੀ :**

ਇਸ ਵਿਚ ਉਤਰਦਾਤੇ ਨੇ ਪ੍ਰਸ਼ਨਾਂ ਵਿਚਲੀ ਖਾਲੀ ਥਾਂ ਭਰਨੀ ਹੁੰਦੀ ਹੈ ਜਿਵੇਂ ਤੁਸੀਂ ਚਾਹ ਮਿੱਠੀ ਬਣਾਉਣ ਲਈ ਕੀ ਪਾਉਂਦੇ ਹੋ (ਚੀਨੀ ਜਾਂ ਖੰਡ)।[6]

ਖੋਜ ਕਰਤਾ ਆਪਣੇ ਵਿਸ਼ੇ ਅਨੁਸਾਰ ਖੇਤਰ ਵਿਚ ਜਾ ਕੇ ਕਿਸੇ ਵੀ ਪ੍ਰਕਾਰ ਦੀ ਪ੍ਰਸ਼ਨਾਵਲੀ ਤਿਆਰ ਕਰ ਸਕਦਾ ਹੈ। ਖੇਤਰ ਵਿਚ ਜਾ ਕੇ ਖੋਜ ਕਰਨ ਲਈ ਨਿਰੀ ਪੁਰੀ ਪ੍ਰਸ਼ਨਾਵਲੀ ਹੀ ਨਹੀਂ ਬਲਕਿ ਹੋਰ ਵੀ ਖੋਜ ਸੰਦਾਂ ਦੀ ਲੋੜ ਪੈਂਦੀ ਹੈ ਅਤੇ ਕੋਈ ਵੀ ਖੋਜ ਵਿਉਂਤ ਉਨੀ ਦੇਰ ਤਕ ਕੋਈ ਵੀ ਉਦੇਸ਼ ਪੂਰਾ ਨਹੀਂ ਕਰ ਸਕਦੀ ਜਿੰਨੀ ਦੇਰ ਤੱਕ ਖੋਜਾਰਥੀ ਕੋਲ ਖੋਜ ਸਮੱਗਰੀ ਤੇ ਇਸਨੂੰ ਇਕੱਤਰ ਕਰਨ ਦੇ ਅਲੱਗ ਅਲੱਗ ਢੰਗਾਂ ਤੇ ਤਕਨੀਕਾਂ ਬਾਰੇ ਜਾਣਕਾਰੀ ਨਾ ਹੋਵੇ। ਸਮੱਗਰੀ ਇਕੱਤਰੀਕਰਨ ਲਈ ਮੁੱਖ ਤੌਰ ਉੱਤੇ ਦਸਤਾਵੇਜ, ਨਿਰੀਖਣ, ਮੁਲਾਂਕਣ, ਪ੍ਰਸ਼ਨਾਵਲੀ ਆਦਿ ਸਮੇਂ ਸਮੇਂ ਵਰਤੇ ਜਾਂਦੇ ਖੋਜ ਸੰਦ ਹਨ। ਇੰਨ੍ਹਾਂ ਵਿਚੋਂ ਕਿਹੜੇ ਖੋਜ ਸੰਦ ਦੀ ਕਿਸ ਵੇਲੇ ਵਰਤੋਂ ਕਰਨੀ ਹੈ ਇਸ ਦੀ ਵਧੇਰੇ ਨਿਰਭਰਤਾ ਖੋਜ ਦੇ ਉਦੇਸ਼ ਉੱਤੇ ਹੁੰਦੀ ਹੈ। ਇਥੇ ਸਾਡਾ ਮੁੱਖ ਉਦੇਸ਼ ਜਾਂ ਸੰਬੰਧ 'ਪ੍ਰਸ਼ਨਾਵਲੀ' ਨਾਲ ਹੈ ਬਾਕੀ ਦੇ ਸੰਦਾਂ ਦੀ ਤਰ੍ਹਾਂ ਖੋਜਾਰਥੀ ਦੇ ਖੋਜ ਕਾਰਜ ਵਿਚ ਪ੍ਰਸ਼ਨਾਵਲੀ ਦਾ ਵੀ ਬਹੁਤ ਮਹੱਤਵ ਹੈ। ਪ੍ਰਸ਼ਨਾਵਲੀ ਕੋਈ ਅਸਿੱਧੇ-ਸਿੱਧੇ ਢੰਗ ਅਨੁਸਾਰ ਨਹੀਂ ਬਲਕਿ ਇਸ ਵਿਚ ਪ੍ਰਸ਼ਨ-ਪੱਤਰ ਤਿਆਰ ਕਰਕੇ ਪ੍ਰਸ਼ਨ ਪੁੱਛੇ ਜਾਂਦੇ ਹਨ ਤਾਂ ਜੋ ਸਹੀ ਉੱਤਰ ਮਿਲ ਸਕਣ। ਪ੍ਰਸ਼ਨਾਵਲੀ ਤਿਆਰ ਕਰਨ ਤੋਂ ਪਹਿਲਾਂ ਤੇ ਇਸ ਦੇ ਮਹੱਤਵ ਨੂੰ ਜਾਨਣ ਤੋਂ ਪਹਿਲਾਂ ਨਿਰੀਖਣ, ਮੁਲਾਂਕਣ ਆਦਿ ਵਿਚੋਂ ਵੀ ਗੁਜ਼ਰਿਆ ਜਾਂਦਾ ਹੈ ਕਿਉਂਕਿ

ਕਿਸੇ ਵੀ ਖੋਜ-ਕਾਰਜ ਸੰਬੰਧੀ ਪ੍ਰਸ਼ਨਾਵਲੀ ਤਿਆਰ ਕਰਨ ਤੋਂ ਪਹਿਲਾਂ ਉਸ ਸਮੁਦਾਇ ਵਿਸ਼ੇਸ਼ ਬਾਰੇ ਅਤੇ ਉਸ ਨਾਲ ਸੰਬੰਧਿਤ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਜ਼ਰੂਰੀ ਹੈ।

**ਦਸਤਾਵੇਜ :**

ਦਸਤਾਵੇਜ ਸਾਧਨਾਂ ਦੀ ਵਰਤੋਂ ਇਸ ਕਾਰਨ ਲਈ ਮਦਦਗਾਰ ਸਾਬਿਤ ਹੁੰਦੀ ਹੈ ਕਿ ਸੰਬੰਧਿਤ ਖੋਜ ਕਾਰਜ ਤੋਂ ਪਹਿਲਾਂ ਕਿਹੜੇ ਕਿਹੜੇ ਖੋਜ ਕਾਰਜ ਇਸ ਖੇਤਰ ਵਿਚ ਹੋ ਚੁੱਕੇ ਹਨ ਇੰਨ੍ਹਾਂ ਦਸਤਾਵੇਜਾਂ ਤੋਂ ਲੋੜੀਂਦੀ ਖੋਜ-ਕਾਰਜ ਲਈ ਅਨੁਮਾਨ ਲਗਾਏ ਜਾ ਸਕਦੇ ਹਨ ਅਤੇ ਕਈ ਵਾਰੀ ਇਹ ਦਸਤਾਵੇਜ ਖੋਜ-ਕਾਰਜ ਦੀਆਂ ਬੁਨਿਆਦੀ ਸਮੱਸਿਆਵਾਂ ਨਾਲ ਨਿਪਟਣ ਵਿਚ ਸਹਾਈ ਹੁੰਦੇ ਹਨ। ਪ੍ਰਸ਼ਨਾਵਲੀ ਤਿਆਰ ਕਰਨ ਵਿਚ ਇਹ ਦਸਤਾਵੇਜ ਵੀ ਆਪਣੀ ਭੂਮਿਕਾ ਨਿਭਾਉਂਦੇ ਹਨ।

**ਨਿਰੀਖਣ :**

ਨਿਰੀਖਣ ਸਮੱਗਰੀ ਇਕੱਤਰੀਕਰਨ ਦਾ ਮੁੱਖ ਮੰਤਵ ਕਿਸੇ ਵੀ ਸਮੁਦਾਇ ਦੇ ਬਾਹਰੀ ਤੇ ਅੰਦਰੂਨੀ ਸਮਾਜ ਸਭਿਆਚਾਰ ਤੇ ਭਾਸ਼ਾਈ ਗਤੀਵਿਧੀਆਂ ਨੂੰ ਘੋਖਣਾ ਹੁੰਦਾ ਹੈ। ਨਿਰੀਖਣ ਦੀ ਵਿਧੀ ਨਿਰੀਖਕ ਨੂੰ ਵਿਸ਼ੇ ਨਾਲ ਸੰਬੰਧਿਤ ਅੰਦਰੂਨੀ ਤੱਥਾਂ ਤੋਂ ਜਾਣੂ ਕਰਵਾਉਂਦੀ ਹੈ। ਛੋਟੇ ਛੋਟੇ ਸਮੂੰਹਾਂ ਦਾ ਅਧਿਐਨ ਕਰਨ ਲਈ ਇਹ ਵਿਧੀ ਬੜੀ ਮਹੱਤਵਪੂਰਨ ਹੈ।

**ਮੁਲਾਕਾਤ :**

ਮੁਲਾਕਾਤ ਇਕ ਪੂਰਨ ਮਿਥੀ ਮੁਲਾਕਾਤ ਨੂੰ ਕਿਹਾ ਜਾਂਦਾ ਹੈ ਕਿਸੇ ਖਾਸ ਉਦੇਸ਼ ਲਈ ਖੋਜ ਸਮੱਗਰੀ ਹਾਸਿਲ ਕਰਨ ਲਈ ਇਹ ਵਿਧੀ ਕਈ ਕਈ ਪੱਖਾਂ ਤੋਂ ਸਹਾਇਕ ਸਿੱਧ ਹੁੰਦੀ ਹੈ। ਪਰ ਪ੍ਰਸ਼ਨਾਵਲੀ ਦੀ ਤਿਆਰੀ ਤੋਂ ਪਹਿਲਾਂ ਅਜਿਹੀਆਂ ਮੁਲਾਕਾਤਾਂ ਦਾ ਮੰਤਵ ਸੂਚਕਾਂ ਕੋਲੋਂ ਘੱਟ ਤੋਂ ਘੱਟ ਸਮੇਂ ਵਿਚ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਲਈ ਇੱਕ ਵਧੀਆ ਖੋਜ ਸੰਦ ਸਾਬਿਤ ਹੁੰਦੀਆਂ ਹਨ।

ਖੇਤਰੀ ਕਾਰਜ ਵਿਚ ਪ੍ਰਸ਼ਨਾਵਲੀ ਬਹੁਤ ਉਪਯੋਗੀ ਮੰਨੀ ਜਾਂਦੀ ਹੈ ਤੇ ਇਸਦਾ ਬਹੁਤ ਜ਼ਿਆਦਾ ਉਪਯੋਗ ਕੀਤਾ ਜਾਂਦਾ ਹੈ। ਖੇਤਰੀ ਕਾਰਜਾਂ ਵਿਚ ਹੁਣ ਇਸਨੂੰ ਵੱਡੇ ਪੈਮਾਨੇ ਤੇ ਵਰਤਿਆ ਜਾ ਰਿਹਾ ਹੈ ਅਤੇ ਇਸ ਸੰਬੰਧੀ ਕੇਂਦਰੀ ਭਾਰਤੀ ਭਾਸ਼ਾਵਾਂ ਸੰਸਥਾਨ ਸਸਿਊਰ ਨੇ ਖੇਤਰੀ ਕਾਰਜਾਂ ਸਮੇਂ ਵਰਤੇ ਜਾਂਦੇ ਪ੍ਰਸ਼ਨਾਵਲੀ ਨਾਲ ਸੰਬੰਧਿਤ ਇਕ ਪ੍ਰਸ਼ਨ ਪੱਤਰ/ਬੈਂਕ ਤਿਆਰ ਕੀਤਾ ਹੈ। ਇਸਨੇ ਨਿਸ਼ਚੇ ਹੀ ਖੇਤਰ ਕਾਰਜ ਸਮੇਂ ਪ੍ਰਸ਼ਨਾਵਲੀ ਦੀ ਤਿਆਰੀ ਵਿਚ ਮਹੱਤਵਪੂਰਨ ਹਿੱਸਾ ਪਾਇਆ ਹੈ। ਇਸ ਦਾ ਮੁੱਖ ਉਦੇਸ਼ ਵਿਸ਼ੇ ਵਸਤੂ ਦੇ ਸੰਬੰਧ ਵਿੱਚ ਸੂਚਨਾਵਾਂ ਪ੍ਰਾਪਤ ਕਰਨੀਆਂ ਹੁੰਦੀਆਂ ਹਨ। ਕਈ ਵਾਰੀ ਖੋਜਾਰਥੀ ਨੂੰ ਕਈ ਮੁਸ਼ਕਲਾਂ ਵੀ ਪੇਸ਼ ਆਉਂਦੀਆਂ ਹਨ।

ਚਾਸੀ ਸਾਂਡਰਸ ਨੇ ਆਪਣੇ ਸ਼ਬਦਾਂ ਰਾਹੀਂ ਇੰਜ ਕਿਹਾ ਹੈ।

"

"

ਉਤਰਦਾਤਾ ਦੇ ਪੜ੍ਹੇ ਲਿਖੇ ਹੋਣ ਦੀ ਦਸ਼ਾ ਵਿਚ ਇਹਨਾਂ ਪ੍ਰਸ਼ਨਾਂ ਪੱਤਰਾਂ ਨੂੰ ਤੁਰੰਤ ਭਰ ਕੇ ਵਾਪਸ ਕਰ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਅਧਿਐਨ ਕਰਤਾ ਆਪਣੇ ਸਥਾਨ ਤੇ ਹੀ ਟਿਕਿਆ ਰਹਿ ਕੇ ਆਪਣੀ ਅਧਿਐਨ ਸਮੱਸਿਆ ਨਾਲ ਸੰਬੰਧਿਤ ਜਾਣਕਾਰੀ ਇਕੱਠੀ ਕਰ ਸਕਦਾ ਹੈ। ਪ੍ਰਸ਼ਨਾਵਲੀ ਨੂੰ ਜਦ ਕਿਸੇ ਮਾਧਿਅਮ ਰਾਹੀਂ ਉਤਰਦਾਤੇ ਕੋਲ ਭੇਜਿਆ ਜਾਂਦਾ ਹੈ ਤਾਂ ਅਧਿਅਨ ਕਰਤਾ ਆਪ ਉਹਨਾਂ ਦੇ ਕੋਲ ਨਹੀਂ ਜਾਂਦਾ ਤਾਂ ਇਹ ਬਹੁਤ ਜਰੂਰੀ ਹੋ ਜਾਂਦਾ ਹੈ ਕਿ ਪ੍ਰਸ਼ਨਾਵਲੀ ਵਿਚ ਇਸ ਤਰ੍ਹਾਂ ਦੀਆਂ ਸਾਰੀਆਂ ਸੰਭਾਵਿਤ ਵਿਸ਼ੇਸ਼ਤਾਈਆਂ ਸ਼ਾਮਿਲ ਹੋਣ ਜਿੰਨ੍ਹਾਂ ਤੋਂ ਪ੍ਰੇਰਿਤ ਹੋ ਕੇ ਉਤਰਦਾਤਾ ਤੁਰੰਤ ਲੋੜੀਂਦੀ ਜਾਣਕਾਰੀ ਪ੍ਰਦਾਨ ਕਰੇ।

ਪ੍ਰਸ਼ਨਾਵਲੀ ਖੋਜ ਕਾਰਜਾਂ ਵਿਚ ਖੋਜ ਵਿਸ਼ੇ ਸੰਬੰਧੀ ਸੂਚਨਾ ਹਾਸਿਲ ਕਰਨ ਲਈ ਤਿਆਰ ਕੀਤੇ ਗਏ ਖੋਜ ਪ੍ਰਸ਼ਨਾਂ ਦਾ ਸੰਗ੍ਰਹਿ ਹੁੰਦਾ ਹੈ। ਇਸ ਵਿਚ ਪ੍ਰਸ਼ਨ ਇਸ ਤਰ੍ਹਾਂ ਸੋਚ ਸਮਝ ਕੇ ਸ਼ਾਮਿਲ ਕੀਤੇ ਜਾਂਦੇ ਹਨ ਕਿ ਉਨ੍ਹਾਂ ਵਿਚ ਖੋਜ ਸਮੱਸਿਆ ਦੇ ਸਾਰੇ ਪੱਖਾਂ ਬਾਰੇ ਲੋੜੀਂਦੀ ਸੂਚਨਾ, ਸਿੱਧੇ ਜਾਂ ਅਸਿੱਧੇ ਢੰਗ ਨਾਲ ਆ ਜਾਂਦੀ ਹੈ। ਪ੍ਰਸ਼ਨਾਂ ਨੂੰ ਸਰਲ ਤੇ ਸਮਝ ਰੱਖਿਆ ਜਾਂਦਾ ਹੈ ਤਾਂ ਜੋ ਉੱਤਰ ਦੇਣ ਵਾਲੇ ਨੂੰ ਮੁਸ਼ਕਲ ਪੇਸ਼ ਨਾਲ ਆਵੇ ਤੇ ਉਸਦਾ ਬਹੁਤਾ ਸਮਾਂ ਨਾ ਲੱਗੇ। ਇਸ ਤੋਂ ਬਿਨਾਂ ਪ੍ਰਸ਼ਨ ਇਸ ਤਰ੍ਹਾਂ ਘੜੇ ਜਾਂਦੇ ਹਨ ਕਿ ਪ੍ਰਸ਼ਨਾਵਲੀ ਵਿੱਚ ਦਿੱਤੀ ਗਈ ਸਮੱਗਰੀ ਦੀ ਪੁਸ਼ਟੀ ਜਾਂ ਖੰਡਨ ਸਹਿਜੇ ਹੀ ਪ੍ਰਸ਼ਨਾਂ ਵਿਚ ਮਿਲੇ ਉੱਤਰ ਰਾਹੀਂ ਹੋ ਸਕੇ। ਯਤਨ ਕੀਤਾ ਜਾਂਦਾ ਹੈ ਕਿ ਪ੍ਰਸ਼ਨਾਂ ਨੂੰ ਸਪੱਸ਼ਟ ਤੇ ਗੁੰਝਲ ਤੋਂ ਬਿਨਾਂ ਰੱਖਿਆ ਜਾਂਦਾ ਹੈ ਤੇ ਭਾਸ਼ਾ ਵੀ ਆਸਾਨ ਵਰਤੀ ਜਾਂਦੀ ਹੈ। ਪ੍ਰਸ਼ਨਾਵਲੀ ਦੇ ਨਾਲ ਖੋਜਕਾਰ ਵੱਲੋਂ ਸੰਬੰਧਿਤ ਪ੍ਰਾਜੈਕਟ ਦਾ ਮਨੋਰਥ ਸਪੱਸ਼ਟ ਕੀਤਾ ਜਾਂਦਾ ਹੈ ਅਤੇ ਉੱਤਰ ਦੇਣ ਵਾਲਿਆ ਨੂੰ ਖੋਜ ਵਿਚ ਸਹਿਯੋਗ ਦੇਣ ਵਾਲੀ ਅਪੀਲ ਕੀਤੀ ਜਾਂਦੀ ਹੈ।

ਪ੍ਰਸ਼ਨਾਵਲੀ ਨੂੰ ਜਾਰੀ ਕਰਨ ਤੋਂ ਪਹਿਲਾਂ ਇਸਨੂੰ ਪਰਖ ਲੈਣਾ ਬਣਦਾ ਹੈ। ਰਾਜਨੀਤੀ ਵਿਗਿਆਨ, ਅਰਥ-ਸ਼ਾਸ਼ਤਰ, ਮਨੋ-ਵਿਗਿਆਨ, ਸਮਾਜ-ਸ਼ਾਸਤਰ, ਸਿੱਖਿਆ ਆਦਿ ਖੇਤਰਾਂ ਵਿਚ ਕੰਮ ਕਰਨ ਲਈ ਬੜੀਆਂ ਪ੍ਰਭਾਵਸ਼ਾਲੀ ਤੇ ਵਿਸਤ੍ਰਿਤ ਪ੍ਰਸ਼ਨਾਵਲੀਆਂ ਬਣੀਆਂ ਹੋਈਆਂ ਹਨ ਅਤੇ ਅੰਤਰ ਰਾਸ਼ਟਰੀ ਪੱਧਰ ਉੱਤੇ ਪ੍ਰਵਾਨ ਹਨ। ਖੋਜਕਾਰ ਉਹਨਾਂ ਨੂੰ ਲੈ ਕੇ ਉਵੇਂ ਜਿਵੇਂ ਜਾਂ ਲੋੜ ਅਨੁਸਾਰ ਉਹਨਾਂ ਵਿਚੋਂ ਤਬਦੀਲੀ ਕਰਕੇ ਵਰਤ ਸਕਦੇ ਹਨ। ਪ੍ਰਸ਼ਨਾਵਲੀ ਦੁਆਰਾ ਆਧਾਰ ਸਮੱਗਰੀ ਇਕੱਤਰ ਕਰਨ ਵਿਚ ਇਹ ਸਮੱਸਿਆ ਬਣੀ ਰਹਿੰਦੀ ਹੈ ਕਿ ਲੋਕ ਪ੍ਰਸ਼ਨਾਵਲੀ ਦੇ ਉਤਰ ਪੂਰੀ ਸੁਹਿਰਦਤਾ ਤੇ ਤਨਦੇਹੀ ਨਾਲ ਨਹੀਂ ਦਿੰਦੇ। ਬਹੁਤੀ ਵਾਰੀ ਅਟਕਲ ਪੱਚੂ ਮਾਰਦੇ ਹਨ। ਖਾਸ ਕਰਕੇ ਉਦੋਂ ਜਦੋਂ ਪ੍ਰਸ਼ਨਾਵਲੀ ਦਾ ਉਤਰ ਡਾਕ ਰਾਹੀਂ ਮੰਗਿਆ ਗਿਆ ਹੋਵੇ।

ਭਾਸ਼ਾ ਦਾ ਅਧਿਐਨ ਖੇਤਰੀ ਕਾਰਜ ਵਿਚ ਕਰਨਾ ਹੋਵੇ ਤਾਂ ਵੀ ਪ੍ਰਸ਼ਨਾਵਲੀ ਦੀ ਲੋੜ ਤੇ ਸਾਰਥਕਤਾ ਹੁੰਦੀ ਹੈ। ਕਿਉਂਕਿ ਅਸੀਂ ਕਿਸੇ ਵੀ ਖੇਤਰ ਵਿਚ ਕਿਸੇ ਵੀ ਵਿਸ਼ੇ ਉਪਰ ਖੋਜ ਨਿਬੰਧ ਆਰੰਭਦੇ ਹਾਂ ਤਾਂ ਸਾਨੂੰ ਉਸ ਖੇਤਰ ਵਿਚ ਜਾ ਕੇ ਉਥੋਂ ਦੀ ਭਾਸ਼ਾ ਦਾ ਨਿਰੀਖਣ ਕਰਨਾ ਪੈਂਦਾ ਹੈ। ਉਸ ਖੇਤਰ ਦੀ ਭਾਸ਼ਾ ਨੂੰ ਆਧਾਰ ਬਣਾ ਕੇ ਚਲਣਾ ਪੈਂਦਾ ਹੈ। ਪ੍ਰਸ਼ਨਾਵਲੀ

ਵਿਚ ਉਸ ਖੇਤਰ ਦੀ ਭਾਸ਼ਾ ਨੂੰ ਅਧਿਐਨ ਵਜੋਂ ਵਰਤਿਆ ਜਾਂਦਾ ਹੈ। ਕਿਉਂਕਿ ਪ੍ਰਸ਼ਨਾਵਲੀ ਖੋਜ ਖੇਤਰ ਦਾ ਅਜਿਹਾ ਸੰਦ ਹੈ ਜਿਸ ਦੀ ਵਰਤੋਂ ਉਪਭਾਸ਼ਾ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ। ਭੂਗੋਲਿਕ ਉਪਭਾਸ਼ਾ ਸਰਵੇ ਲਈ ਪ੍ਰਸ਼ਨਾਵਲੀ ਮੁੱਖ ਸਾਧਨ ਹੁੰਦੀ ਹੈ। ਇਸ ਦੀ ਵਰਤੋਂ ਰਾਹੀਂ ਅਸੀਂ ਸੂਚਕਾਂ ਤੋਂ ਉਹਨਾਂ ਦੀ ਉਪਭਾਸ਼ਾ ਦੇ ਰੂਪਾਂਤਰਣ ਅੰਕਿਤ ਕਰਦੇ ਹਾਂ। ਪ੍ਰਸ਼ਨਾਵਲੀ ਵਿਚਲੇ ਵਿਸ਼ੇ ਸ਼ਬਦਾਰਥਿਕ ਖੇਤਰ ਅਨੁਸਾਰ ਸ਼੍ਰੇਣੀਬੱਧ ਕੀਤੇ ਜਾਂਦੇ ਹਨ। ਜਿਵੇਂ ਖੇਤੀ ਦੇ ਢੰਗ ਤੇ ਸੰਦ, ਬਨਸਪਤੀ ਤੇ ਪਸ਼ੂ, ਮੌਸਮ ਸਮਾਜਿਕ ਕਿਰਿਆਵਾਂ (ਜਨਮ, ਵਿਆਹ, ਮਰਨ ਆਦਿ ਦੇ ਕਰਮਕਾਂਡ), ਰਿਸ਼ਤੇਦਾਰੀ, ਰੋਜਾਨਾ ਜੀਵਨ ਨਾਲ ਸੰਬੰਧਿਤ ਵਸਤੂਆਂ (ਭਾਂਡੇ, ਵਸਤਰ, ਭੋਜਨ) ਆਦਿ। ਇਸ ਦਾ ਮੁੱਖ ਲਾਭ ਇਹ ਹੁੰਦਾ ਹੈ ਕਿ ਜੋ ਸਰਵੇ ਵਿਚ ਇਕੱਤਰ ਕੀਤੀ ਸੂਚਨਾ ਦੀ ਤੁਲਨਾ ਕੀਤੀ ਜਾ ਸਕਦੀ ਹੈ ਅਤੇ ਵੱਖੋ ਵੱਖਰੇ ਰੂਪ ਭੇਦ ਤਾਲਿਕਾ ਵਿਚ ਦਰਸਾਏ ਜਾ ਸਕਦੇ ਹਨ। ਉਸ ਖੇਤਰ ਵਿਚ ਪ੍ਰਸ਼ਨਾਵਲੀ ਦੇ ਆਧਾਰ ਤੇ ਧੁਨੀਆਂ ਦਾ ਅਧਿਐਨ ਭਾਵ ਉਸ ਖੇਤਰ ਵਿਚ ਉਹਨਾਂ ਦੀ ਉਚਾਰਨ ਵਿਭਿੰਨਤਾ ਨੂੰ ਲੱਭਿਆ ਜਾਂਦਾ ਹੈ। ਜਿਵੇਂ ਕਿ ਖੇਤਰ ਵਿਚ ਉਚਾਰਨ ਪੱਧਰ ਤੇ ਅਸੀਂ ਹਿੰਦੀ ਬੋਲਣ ਵਾਲੇ ਵਿਅਕਤੀਆਂ ਨਾਲ ਉਚਾਰਤ ਕਰਦੇ ਹਾਂ ਤਾ ਉਹਨਾਂ ਦੀ ਧੁਨੀ ਪੱਧਰ ਤੇ ਵੱਖਰਤਾ ਸਾਹਮਣੇ ਆਉਂਦੀ ਹੈ। ਇਸ ਲਈ ਪ੍ਰਸ਼ਨਾਵਲੀ ਨੂੰ ਉਚਾਰਨ ਪੱਧਰ ਤੇ ਵੀ ਪਹਿਚਾਣਿਆ ਜਾ ਸਕਦਾ ਹੈ। ਉਸ ਖੇਤਰ ਦੀ ਸ਼ਬਦਾਵਲੀ ਦੀ ਵੱਖਰਤਾ ਨੂੰ ਵੀ ਪ੍ਰਸ਼ਨਾਵਲੀ ਰਾਹੀਂ ਵੇਖ ਸਕਦੇ ਹਾਂ। ਜੇਕਰ ਕਿਸੇ ਵੀ ਸਮਾਜ ਵਿਚ ਅਧਿਐਨ ਕਰਦੇ ਹਾਂ ਤਾਂ ਉਹ ਸਮਾਜ ਭਾਵੇਂ ਦੋ ਭਾਸ਼ੀ ਜਾਂ ਬਹੁਭਾਸ਼ੀ ਸਮਾਜ ਹੋਵੇ ਉਹਨਾਂ ਦਾ ਧੁਨੀ ਪੱਖੋਂ, ਸ਼ਬਦਾਵਲੀ ਪੱਖੋਂ ਵਿਭਿੰਨਤਾ ਲੱਭਣ ਲਈ ਪ੍ਰਸ਼ਨਾਵਲੀ ਇੱਕ ਸਹਾਇਕ ਸੰਦ ਹੈ। ਵਿਹਾਰਿਕ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਅਤੇ ਉਪਭਾਸ਼ਾ ਖੇਤਰਾਂ ਵਿੱਚ ਪ੍ਰਸ਼ਨਾਵਲੀ ਬਹੁਤ ਸਹਾਈ ਸਿੱਧ ਹੁੰਦੀ ਹੈ।

ਸੋ ਖੇਤਰੀ ਕਾਰਜ ਵਿਚ ਪ੍ਰਸ਼ਨਾਵਲੀ ਦੇ ਮਹੱਤਵ ਨੂੰ ਅਣਗੋਲਿਆ ਨਹੀਂ ਜਾ ਸਕਦਾ। ਪ੍ਰਸ਼ਨਾਵਲੀ ਇੱਕ ਇੰਟਰਵਿਊ ਲੈਣ ਦਾ ਤਰੀਕਾ ਹੈ। ਇਸ ਨਾਲ ਖੋਜਾਰਥੀ ਦੇ ਸਮੇਂ ਦੀ ਵੀ ਬੱਚਤ ਹੁੰਦੀ ਹੈ ਤੇ ਉਹ ਆਪਣਾ ਮਨੋਰਥ ਵੀ ਜਲਦੀ ਹੀ ਹੱਲ ਕਰ ਲੈਂਦਾ ਹੈ। ਖੋਜਾਰਥੀ ਨੂੰ ਸੂਚਕਾਂ ਤੇ ਉਤਰਦਾਤਾ ਨਾਲ ਆਪਣੇਪਨ ਵਾਲਾ ਵਿਵਹਾਰ ਹੀ ਉਹਨਾਂ ਦੇ ਨੇੜੇ ਜਾਣ ਦਾ ਸ੍ਰੋਤ ਬਣਦਾ ਹੈ ਤੇ ਉਹ ਹਰ ਤਰ੍ਹਾਂ ਦੀ ਸੰਭਵ ਜਾਣਕਾਰੀ ਜੋ ਉਸਨੇ ਪ੍ਰਸ਼ਨਾਂ ਵਿਚ ਪੁੱਛੀ ਹੁੰਦੀ ਹੈ, ਨਿਰਸੰਕੋਚ

ਪ੍ਰਾਪਤ ਕਰ ਲੈਂਦਾ ਹੈ, ਜੋ ਕਿ ਉਸਦੇ ਅਧਿਐਨ ਵਿਚ ਮਦਦਗਾਰ ਸਾਬਿਤ ਹੁੰਦੀ ਹੈ। ਜਿਹੋ ਜਿਹਾ ਪ੍ਰਸ਼ਨਾਵਲੀ ਦਾ ਬੈਂਕ ਸੋਸਿਊਰ ਵਾਲਿਆ ਨੇ ਤਿਆਰ ਕੀਤਾ ਹੈ ਉਹ ਅਜੇ ਇੱਕ ਮੁੱਢਲਾ ਜਿਹਾ ਹੀ ਯਤਨ ਹੈ। ਭਾਸ਼ਾ ਸੰਸਥਾਵਾਂ ਨੂੰ ਇਸ ਸੰਬੰਧੀ ਹੋਰ ਅਗੇਰੇ ਬੈਂਕ ਬਨਾਉਣ ਵੱਲ ਉਤਸ਼ਾਹਿਤ ਹੋਣਾ ਚਾਹੀਦਾ ਹੈ ਅਤੇ ਇਹਨਾਂ ਦੀ ਤਿਆਰੀ ਸਮੇਂ ਵਿਹਾਰਕ ਸਮੱਸਿਆ ਨੂੰ ਵਿਚਾਰਨਾ ਅਤੇ ਉਹਨਾਂ ਦੇ ਸੰਦਰਭ ਵਿਚ ਹੋਰ ਚੁਸਤ ਪ੍ਰਸ਼ਨਾਵਲੀ ਤਿਆਰ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਨਾਲ ਭਾਸ਼ਾ ਸੰਬੰਧੀ ਕਈ ਮੂਲ ਬਿਰਤੀਆਂ ਸਾਹਮਣੇ ਆਉਣਗੀਆਂ ਅਤੇ ਨਾਲ ਹੀ ਪ੍ਰਸ਼ਨਾਵਲੀ ਵਾਲਾ ਖੋਜ ਸੰਦ ਹੋਰ ਵੀ ਦ੍ਰਿੜ ਹੋ ਜਾਵੇਗਾ।

## ਹਵਾਲੇ ਅਤੇ ਟਿੱਪਣੀਆਂ


1. **Goode & Halt, Metheds in Social Research,** P.133.
2. ਸਤਪਾਲ ਰੁਹੇਲਾ, **ਸਰਵੇਖਸ਼ਣ, ਅਨੁਸੰਧਾਨ ਔਰ ਸਾਂਖਿਅਕੀ,** 222.
3. **ਉਹੀ,** 222.
4. ਭਾਈ ਕਾਹਨ ਸਿੰਘ ਨਾਭਾ, **ਮਹਾਨ ਕੋਸ਼,** 795.
5. ਪਿਆਰ ਸਿੰਘ, **ਖੋਜ ਸਿਧਾਂਤ ਤੇ ਵਿਹਾਰ,** 63.
6. ਆਤਮ ਸਿੰਘ, **ਸਮਾਜ ਭਾਸ਼ਾ ਵਿਗਿਆਨ,** 50.